# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

**ਹੁਕਮ :**

ਕੋਵਿਡ-19 (ਕਰੋਨਾ ਵਾਇਰਸ) ਨੂੰ ਭਾਰਤ ਸਰਕਾਰ ਵਲੋਂ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਇਸ ਬੀਮਾਰੀ ਦੀ ਰੋਕਥਾਮ ਲਈ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰਬਰ 1710-57 ਮਿਤੀ 23.03.2020 ਰਾਹੀਂ ਜਿਲ੍ਹਾ ਪਠਾਨਕੋਟ ਵਿੱਚ ਕਰਫਿਊ ਲਾਗੂ ਕੀਤਾ ਗਿਆ ਸੀ।

ਪਰ ਹੁਣ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਪੱਤਰ ਨੰਬਰ SS/ACSH/2020/ 313 ਮਿਤੀ 18.04.2020 ਅਤੇ ਭਾਰਤ ਸਰਕਾਰ ਦੀਆਂ Guidelines No. 40-3/2020/DM-I (A) ਮਿਤੀ 15.04.2020 ਆਮ ਜਨਤਾ ਨੂੰ ਮੁੱਖ ਰੱਖਦੇ ਹੋਏ ਜਿਲ੍ਹਾ ਪਠਾਨਕੋਟ ਵਿੱਚ ਹੇਠ ਅਨੁਸਾਰ ਕੰਪਨੀਆਂ/ਭਾਰਤ ਸਰਕਾਰ ਦੇ ਦਫਤਰਾਂ ਨੂੰ ਖੋਲਣ ਦੀ ਪ੍ਰਵਾਨਗੀ ਮੰਗੀ ਗਈ ਹੈ। ਜਿਸ ਦਾ ਵੇਰਵਾ ਹੇਠ ਅਨੁਸਾਰ ਦਿੱਤਾ ਜਾਂਦਾ ਹੈ :-

1. **Office of Life Insurance Corporation Pvt. Ltd.**

Chief Manager, Life Insurance Corporation, Pathankot ਵਲੋਂ ਆਪਣੇ ਦਫਤਰ ਨੂੰ ਚਲਾਉਣ ਲਈ ਕਰਫਿਊ ਪਾਸ ਦੀ ਮੰਗ ਕੀਤੀ ਗਈ ਹੈ। ਉਕਤ ਨਿਗਮ ਦੀ ਦਰਖਾਸਤ ਨੂੰ ਰਾਜ ਸਰਕਾਰ/ਭਾਰਤ ਸਰਕਾਰ ਦੀਆਂ ਅਗਵਾਹੀ ਲੀਹਾਂ ਦੇ ਅੰਤਰਗਤ ਇਸ ਮਾਮਲੇ ਨੂੰ ਵਿਚਾਰਿਆ ਗਿਆ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਕਿਉਂ ਜੋ ਜਿਲ੍ਹਾ ਪਠਾਨਕੋਟ ਨੂੰ ਰਾਜ ਸਰਕਾਰ ਵਲੋਂ ਕਰੋਨਾ ਵਾਇਰਸ ਦੇ ਕਾਫੀ ਕੇਸ ਪੋਜੀਟਿਵ ਪਾਏ ਜਾਣ ਕਾਰਨ ਜਿਲ੍ਹਾ ਪਠਾਨਕੋਟ ਨੂੰ ਰੈਡ ਜੋਨ ਵਿੱਚ ਰੱਖਿਆ ਗਿਆ ਹੈ, ਭਾਵ ਜਿਲ੍ਹਾ ਪਠਾਨਕੋਟ ਵਿੱਚ ਕੋਵਿਡ-19 ਦੀ ਬੀਮਾਰੀ ਕਾਫੀ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਇਸ ਲਈ The Epidemics Act, 1897 read with Disaster Management Act 2005 ਦੇ ਮਿਲੇ ਅਧਿਕਾਰਾਂ ਦੀ ਪਰਤੋਂ ਕਰਦੇ ਹੋਏ ਇਹ ਫੈਸਲਾ ਲਿਆ ਜਾਂਦਾ ਹੈ ਕਿ ਲੋਕ ਹਿੱਤ ਵਿੱਚ ਇਸ ਦਫਤਰ (LIC, Pathankot) ਨੂੰ ਖੁੱਲਾ ਰੱਖਣਾ ਵਾਜਬ ਨਹੀਂ ਹੈ। ਇਸ ਲਈ ਉਕਤ ਦਫਤਰ ਨੂੰ ਅਗਲੇ ਹੁਕਮਾਂ ਤੱਕ ਬੰਦ ਰੱਖਣ ਦੇ ਆਦੇਸ਼ ਕੀਤੇ ਜਾਂਦੇ ਹਨ।

DISTRICT MAGISTRATE PATHANKOT

2. **Office of Income Tax Office, Saili Road, Pathankot**

Deputy Commissioner of Income Tax Range-VI, Pathankot ਵਲੋਂ ਆਪਣੇ ਦਫਤਰ ਨੂੰ ਚਲਾਉਣ ਲਈ ਕਰਫਿਊ ਪਾਸ ਦੀ ਮੰਗ ਕੀਤੀ ਗਈ ਹੈ। ਉਕਤ ਨਿਗਮ ਦੀ ਦਰਖਾਸਤ ਨੂੰ ਰਾਜ ਸਰਕਾਰ/ਭਾਰਤ ਸਰਕਾਰ ਦੀਆਂ ਅਗਵਾਹੀ ਲੀਹਾਂ ਦੇ ਅੰਤਰਗਤ ਇਸ ਮਾਮਲੇ ਨੂੰ ਵਿਚਾਰਿਆ ਗਿਆ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਕਿਉਂ ਜੋ ਜਿਲ੍ਹਾ ਪਠਾਨਕੋਟ ਨੂੰ ਰਾਜ ਸਰਕਾਰ ਵਲੋਂ ਕਰੋਨਾ ਵਾਇਰਸ ਦੇ ਕਾਫੀ ਕੇਸ ਪੋਜੀਟਿਵ ਪਾਏ ਜਾਣ ਕਾਰਨ ਜਿਲ੍ਹਾ ਪਠਾਨਕੋਟ ਨੂੰ ਰੈਡ ਜੋਨ ਵਿੱਚ ਰੱਖਿਆ ਗਿਆ ਹੈ, ਭਾਵ ਜਿਲ੍ਹਾ ਪਠਾਨਕੋਟ ਵਿੱਚ ਕੋਵਿਡ-19 ਦੀ ਬੀਮਾਰੀ ਕਾਫੀ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ। ਇਸ ਲਈ The Epidemics Act, 1897 read with Disaster Management Act 2005 ਦੇ ਮਿਲੇ ਅਧਿਕਾਰਾਂ ਦੀ ਪਰਤੋਂ ਕਰਦੇ ਹੋਏ ਇਹ ਫੈਸਲਾ ਲਿਆ ਜਾਂਦਾ ਹੈ ਕਿ ਲੋਕ ਹਿੱਤ ਵਿੱਚ ਇਸ ਦਫਤਰ (Income Tax Office,

Scanned with CamScanner

Pathankot) ਨੂੰ ਖੁੱਲਾ ਰੱਖਣਾ ਵਾਜਬ ਨਹੀਂ ਹੈ। ਇਸ ਲਈ ਉਕਤ ਦਫਤਰ ਨੂੰ ਅਗਲੇ ਹੁਕਮਾਂ ਤੱਕ ਬੰਦ ਰੱਖਣ ਦੇ ਆਦੇਸ਼ ਕੀਤੇ ਜਾਂਦੇ ਹਨ।

3. **Office of the Assistant Commissioner Central GST Division, Pathankot**

Assistant Commissioner, Pathankot ਵਲੋਂ ਆਪਣੇ ਦਫਤਰ ਨੂੰ ਚਲਾਉਣ ਲਈ ਕਰਫਿਊ ਪਾਸ ਦੀ ਮੰਗ ਕੀਤੀ ਗਈ ਹੈ। ਉਕਤ ਨਿਗਮ ਦੀ ਦਰਖਾਸਤ ਨੂੰ ਰਾਜ ਸਰਕਾਰ/ਭਾਰਤ ਸਰਕਾਰ ਦੀਆਂ ਅਗਵਾਹੀ ਲੀਹਾਂ ਦੇ ਅੰਤਰਗਤ ਇਸ ਮਾਮਲੇ ਨੂੰ ਵਿਚਾਰਿਆ ਗਿਆ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਕਿਉਂ ਜੋ Essential commodities ਸਬੰਧੀ ਵਪਾਰ ਚਲ ਰਿਹਾ ਹੈ। ਇਸ ਲਈ ਇਸ ਦਫਤਰ ਦਾ ਚਲਦਾ ਰੱਖਣਾ ਲੋਕ ਹਿੱਤ ਵਿੱਚ ਜਰੂਰੀ ਹੈ। ਇਸ ਲਈ ਇਸ ਦਫਤਰ ਨੂੰ ਚਲਦਾ ਰੱਖਣ ਲਈ ਹੇਠ ਦਰਜ ਸ਼ਰਤਾਂ ਤੇ ਪ੍ਰਵਾਨਗੀ ਦਿੱਤੀ ਜਾਂਦੀ ਹੈ :-

(ੳ) ਇਹ ਦਫਤਰ ਦੇ ਕੇਵਲ 33% ਅਧਿਕਾਰੀ/ਕਰਮਚਾਰੀ ਦਫਤਰ ਵਿੱਚ ਰਹਿ ਕੇ ਹੀ ਕੰਮ ਕਰ ਸਕਦੇ ਹਨ। ਬਾਕੀ ਕਰਮਚਾਰੀਆਂ ਨੂੰ ਘਰ ਵਿੱਚ ਬੈਠ ਕੇ ਹੀ ਸਰਕਾਰੀ ਕੰਮ ਨਿਪਟਾਉਣ ਲਈ ਉਤਸਾਹਿਤ ਕੀਤਾ ਜਾਵੇ।

(ਅ) ਸਬੰਧਤ ਅਧਿਕਾਰੀ ਆਪਣਾ ਦਫਤਰ ਆਪਣੇ ਪੱਧਰ ਤੇ ਰੋਜਾਨਾ ਸੈਨਾਟਾਈਜ ਕਰਵਾਉਣਗੇ ।

(ੲ) ਸਮੂਹ ਅਧਿਕਾਰੀਆਂ/ਕਰਮਚਾਰੀਆਂ ਲਈ ਘਰ ਤੋਂ ਡਿਊਟੀ ਅਤੇ ਡਿਊਟੀ ਸਥਾਨ ਤੇ ਮਾਸਕ ਪਾਉਣਾ ਲਾਜਮੀ ਹੋਵੇਗਾ।

(ਸ) ਡਿਊਟੀ ਵਾਲੀ ਜਗ੍ਹਾ ਤੇ Social Distancing ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ।

(ਹ) ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਕੋਵਿਡ-19 (ਕਰੋਨਾ ਵਾਇਰਸ) ਦੇ ਲੱਛਣ ਜਿਵੇਂ ਖੰਘ, ਜੁਕਾਮ ਜਾਂ ਬੁਖਾਰ ਲੱਗੇ ਤਾਂ ਇਸ ਦੀ ਸੂਚਨਾ ਤੁਰੰਤ ਸਿਵਲ ਹਸਪਤਾਲ ਦੇ ਕੰਟਰੋਲ ਰੂਮ ਨੰਬਰ 0186-2230180 ਟੋਲ ਫ੍ਰੀ ਨੰ. 18001803360 ਤੇ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ ।

DISTRICT MAGISTRATE PATHANKOT सत्यमेव जयते

**ਪਠਾਨਕੋਟ**

ਮਿਤੀ : 20.04.2020

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ DRA(T)/1002-20 ਮਿਤੀ 20/04/2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।
2. ਪ੍ਰਮੁੱਖ ਸਕੱਤਰ, ਗਹਿ ਵਿਭਾਗ, ਪੰਜਾਬ, ਚੰਡੀਗੜ੍ਹ ।
3. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ ।
4. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ
5 ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿ), ਪਠਾਨਕੋਟ
6 ਜਿਲ੍ਹਾ ਮੈਜਿਸਟ੍ਰੇਟ, ਪਠਾਨਕੋਟ / ਧਾਰਕਲਾਂ।
7. ਸਿਵਲ ਸਰਜਨ, ਪਠਾਨਕੋਟ ।
8. ਸਹਾਇਕ ਕਮਿਸ਼ਨਰ, ਲੇਬਰ, ਪਠਾਨਕੋਟ

Scanned with CamScanner

9. ਲੇਬਰ ਇੰਸਪੈਕਟਰ, ਪਠਾਨਕੋਟ ਨੂੰ ਸਹਾਇਕ ਨੋਡਲ ਅਫਸਰ
10. ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਪਠਾਨਕੋਟ ।
11. ਤਹਿਸੀਲਦਾਰ, ਪਠਾਨਕੋਟ / ਧਾਰਕਲਾਂ।
12. ਜ਼ਿਲ੍ਹੇ ਦੇ ਸਾਰੇ ਕਾਰਜਕਾਰੀ ਅਧਿਕਾਰੀ / ਮਿਉਂਸਪਲ ਕਮੇਟੀਆਂ / ਨਗਰ ਪੰਚਾਇਤਾਂ।
13. ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ।
14. ਜ਼ਿਲ੍ਹਾ ਕੰਟਰੋਲਰ, ਭੋਜਨ ਅਤੇ ਸਿਵਲ ਸਪਲਾਈ।
15. ਸਾਰੇ ਵਿਸ਼ੇਸ਼ ਕਾਰਜਕਾਰੀ ਮੈਜਿਸਟ੍ਰੇਟ
16. ਸਬੰਧਤ ਕੰਪਨੀਆਂ / ਦਫਤਰ।

ਉਪਰੋਕਤ ਆਦੇਸ਼ਾਂ ਦੀ ਪਾਲਣਾ ਲਈ ।

ਜਿਲ੍ਹਾ ਮੈਜਿਸਟਰੇਟ,
ਪਠਾਨਕੋਟ।

DISTRICT MAGISTRATE PATHANKOT
सत्यमेव जयते

Scanned with CamScanner